# ਪੰਜਾਬ ਸਿੱਖਿਆ ਵਿਕਾਸ ਬੋਰਡ
## ਦਫ਼ਤਰ, ਡਾਇਰੈਕਟਰ ਜਨਰਲ ਸਕੂਲ ਸਿੱਖਿਆ,ਪੰਜਾਬ

ਐਸ ਸੀ ਓ 104-06, ਸੈਕਟਰ 34-ਏ,ਚੰਡੀਗੜ੍ਹ।ਫ਼ੋਨ ਨੰ:0172-5065104 ਫ਼ੈਕਸ:0172-2624687
ਈ-ਮੇਲ: pedb2012@gmail.com

ਵੱਲ: (ਵੈੱਬ ਸਾਈਟ ਰਾਹੀਂ)

ਸਮੂਹ ਮੰਡਲ ਸਿੱਖਿਆ ਅਫਸਰ, ਪੰਜਾਬ।
ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.), ਪੰਜਾਬ।
ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਪੰਜਾਬ।

ਮੀਮੋ ਨੰ: ਪੰ:ਸਿ:ਵਿ:ਬੋ/2013/ਵਜੀਫਾ/0416
ਮਿਤੀ,ਚੰਡੀਗੜ੍ਹ: 08 ਜਨਵਰੀ, 2013

**ਵਿਸ਼ਾ: ਪ੍ਰੀ-ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਘੱਟ ਗਿਣਤੀ ਵਰਗ ਦੇ ਵਿਦਿਆਰਥੀਆਂ ਨੂੰ ਮਿਲਣ ਵਾਲੇ ਵਜੀਫੇ ਦੇ ਅੰਕੜੇ ਭੇਜਣ ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਕ੍ਰਿਪਾਲਤਾ ਕਰੋ ਜੀ।

2.0 ਡਾਇਰੈਕਟਰ, ਅਨਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀ ਵਰਗ ਭਲਾਈ ਵਿਭਾਗ, ਪੰਜਾਬ ਨੇ ਆਪਣੇ ਪੱਤਰ ਮੀਮੋ ਨੰ:DW/CS(MW)-3/158/21 ਮਿਤੀ 03-01-2013 ਰਾਹੀਂ ਇਸ ਦਫਤਰ ਨੂੰ ਸੂਚਿਤ ਕੀਤਾ ਹੈ ਕਿ ਵਿਸ਼ਾ ਅੰਕਿਤ ਮਾਮਲੇ ਵਿੱਚ ਬਹੁਤ ਸਾਰੇ ਜਿਲਾ ਸਿੱਖਿਆ ਅਫਸਰ (ਐ.ਸਿ.) ਅੰਮ੍ਰਿਤਸਰ, ਫਰੀਦਕੋਟ, ਫਤਿਹਗੜ੍ਹ ਸਾਹਿਬ, ਜਲੰਧਰ, ਕਪੂਰਥਲਾ, ਲੁਧਿਆਣਾ, ਪਠਾਨਕੋਟ, ਪਟਿਆਲਾ, ਸ.ਭ.ਸ ਨਗਰ ਅਤੇ ਮੁਕਤਸਰ ਵੱਲੋਂ ਪਹਿਲੀ ਤੋਂ ਪੰਜਵੀਂ ਤੱਕ ਘੱਟ ਗਿਣਤੀ ਵਰਗ ਨਾਲ ਸਬੰਧਤ ਵਿਦਿਆਰਥੀਆਂ ਦੇ ਅੰਕੜੇ ਭੇਜਣ ਵਿੱਚ ਕੁਤਾਹੀ ਕੀਤੀ ਹੈ।

3.0 ਇਸੇ ਤਰਾਂ ਜਿਲਾ ਸਿੱਖਿਆ ਅਫਸਰ (ਸੈ.ਸਿ.) ਅੰਮ੍ਰਿਤਸਰ, ਬਰਨਾਲਾ, ਬਠਿੰਡਾ, ਮੋਗਾ, ਰੋਪੜ੍ਹ, ਸੰਗਰੂਰ, ਅਜੀਤਗੜ੍ਹ, ਮੁਕਤਸਰ ਅਤੇ ਤਰਨ ਤਾਰਨ ਵੱਲੋਂ ਛੇਵੀਂ ਤੋਂ ਦੱਸਵੀਂ ਤੱਕ ਦੇ ਵਿਦਿਆਰਥੀਆਂ ਦੇ ਭੇਜੇ ਅੰਕੜੇ ਸਹੀ ਨਹੀਂ ਹਨ। ਇਸ ਤਰਾਂ ਭਲਾਈ ਵਿਭਾਗ ਵੱਲੋਂ ਭਾਰਤ ਸਰਕਾਰ ਨੂੰ ਪੰਜਾਬ ਰਾਜ ਦੇ ਘੱਟ ਗਿਣਤੀ ਵਰਗ ਦੇ ਵਿਦਿਆਰਥੀਆਂ ਨੂੰ ਦਿੱਤੇ ਜਾਣ ਵਾਲੇ ਵਜੀਫੇ ਦਾ ਟੀਚਾ ਪੂਰਾ ਕਰਨਾ ਮੁਸ਼ਕਿਲ ਹੈ ਅਤੇ ਰਾਜ ਦੇ ਸਕੂਲਾਂ ਵਿੱਚ ਪੜ੍ਹ ਰਹੇ ਲਾਭਪਾਤਰੀ ਵਿਦਿਆਰਥੀ ਇਸ ਸਕੀਮ ਦਾ ਲਾਹਾ ਲੈਣ ਤੋਂ ਵਾਂਝੇ ਰਹਿ ਜਾਣਗੇ।

4.0 ਸਮੂਹ ਮੰਡਲ ਸਿੱਖਿਆ ਅਫਸਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਬਤੌਰ ਨੋਡਲ ਅਫਸਰ ਆਪਣੇ ਅਧੀਨ ਆਉਂਦੇ ਸਾਰੇ ਜਿਲਿਆਂ ਦੇ ਵਿਦਿਆਰਥੀਆਂ ਦੇ ਸੋਧੇ ਹੋਏ ਅੰਕੜੇ ਭਲਾਈ ਵਿਭਾਗ ਨੂੰ 15 ਦਿਨਾਂ ਦੇ ਅੰਦਰ-2 ਪਹੁੰਚਾਉਣ ਦੀ ਖੇਚਲ ਕਰਨਗੇ। ਜੇਕਰ ਇਸ ਸਬੰਧ ਵਿੱਚ ਕੋਈ ਕੁਤਾਹੀ ਸਰਕਾਰ ਦੇ ਧਿਆਨ ਵਿੱਚ ਆਉਂਦੀ ਹੈ ਤਾਂ ਸਬੰਧਤ ਜਿਲਾ ਸਿੱਖਿਆ ਅਫਸਰ ਨਿੱਜੀ ਤੌਰ ਤੇ ਜਿੰਮੇਵਾਰ ਹੋਵੇਗਾ।

5.0 ਉਕਤ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ ਵਧੇਰੇ ਜਾਣਕਾਰੀ ਹਿੱਤ ਭਲਾਈ ਵਿਭਾਗ ਦੇ ਫੋਨ ਨੰ: 0172-5003096-97 ਤੇ ਜਾਂ ਉਕਤ ਦਫਤਰੀ ਪਤੇ ਤੇ ਫੋਨ ਨੰ: 0172-5065104 ਤੇ ਸੰਪਰਕ ਕੀਤਾ ਜਾਵੇ ਜੀ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ,**
**ਪੰਜਾਬ, ਚੰਡੀਗੜ੍ਹ**